Punjabi

# ਨਿਆਂਪੂਰਣਤਾ ਅਤੇ ਉੱਤਮਤਾ:
# ਐਨ ਐਚ ਐੱਸ (ਕੌਮੀ ਸਿਹਤ ਸੇਵਾ) ਨੂੰ ਆਜ਼ਾਦ ਕਰਨਾ

## ਵ੍ਹਾਈਟ ਪੇਪਰ ਦਾ ਕਾਰਜਕਾਰੀ ਖ਼ੁਲਾਸਾ

1. ਇਹ ਸਰਕਾਰ ਐਨ ਐਚ ਐੱਸ ਦੀਆਂ ਕਦਰਾਂ ਕੀਮਤਾਂ ਅਤੇ ਅਸੂਲਾਂ ਦਾ ਸਮਰਥਨ ਕਰਦੀ ਹੈ: ਕਿ ਮੁਕੰਮਲ ਸਿਹਤ ਸੇਵਾ ਸਭਨਾਂ ਨੂੰ ਵਰਤੋਂ ਵਾਲੀ ਥਾਂ 'ਤੇ ਮੁਫ਼ਤ ਮਿਲੇ, ਅਤੇ ਸੇਵਾ ਮਿਲਣ ਦਾ ਆਧਾਰ ਵਿਅਕਤੀ ਦੀ ਸਿਹਤ ਦੀਆਂ ਲੋੜਾਂ ਹੋਣ, ਉਹਦੀ ਪੈਸੇ ਖ਼ਰਚ ਕਰਨ ਦੀ ਯੋਗਤਾ ਨਹੀਂ।
2. ਮੌਜੂਦਾ ਪਾਰਲੀਮੈਂਟ ਵਿਚ ਹਰ ਸਾਲ ਵਿਚ ਅਸੀਂ ਸਿਹਤ 'ਤੇ ਖ਼ਰਚ ਕੀਤੀ ਜਾਣ ਵਾਲੀ ਅਸਲ ਰਕਮ ਵਿਚ ਵਾਧਾ ਕਰਦੇ ਰਹਾਂਗੇ।
3. ਸਾਡਾ ਨਿਸ਼ਾਨਾ ਅਜਿਹੀ ਐਨ ਐਚ ਐੱਸ ਤਿਆਰ ਕਰਨਾ ਹੈ ਕਿ ਜਿਹਦੀਆਂ ਸਫਲਤਾਵਾਂ ਸੰਸਾਰ ਦੀਆਂ ਸਭ ਤੋਂ ਚੰਗੀਆਂ ਸਫਲਤਾਵਾਂ ਵਿਚ ਸ਼ਾਮਿਲ ਹੋਣ।

## ਮਰੀਜ਼ਾਂ ਅਤੇ ਲੋਕਾਂ ਨੂੰ ਪਹਿਲ ਦੇਣਾ

4 ਅਸੀਂ ਐਨ ਐਚ ਐੱਸ ਦੇ ਕੰਮ ਕਾਜ ਦਾ ਧੁਰਾ ਲੋਕਾਂ ਨੂੰ ਬਣਾਵਾਂਗੇ, ਜਿਹਦੇ ਲਈ ਅਸੀਂ ਜਾਣਕਾਰੀ ਹਾਸਿਲ ਕਰਨ ਦੇ ਕੰਮ ਵਿਚ ਕ੍ਰਾਂਤੀ ਲਿਆਵਾਂਗੇ ਅਤੇ ਚੋਣ ਕਰਨ ਦੇ ਵੱਧ ਮੌਕੇ ਦਿਆਂਗੇ ਅਤੇ ਵੱਧ ਕੰਟ੍ਰੋਲ ਰੱਖਾਂਗੇ:

ੳ) ਆਪਸੀ ਸਹਿਯੋਗ ਨਾਲ ਹੀ ਫ਼ੈਸਲੇ ਕੀਤੇ ਜਾਣਗੇ: ਮੈਨੂੰ ਸ਼ਾਮਿਲ ਕੀਤੇ ਬਿਨਾਂ ਮੇਰੇ ਬਾਰੇ ਕੋਈ ਫ਼ੈਸਲਾ ਨਹੀਂ।

ਅ) ਆਪਣੀ ਦੇਖਭਾਲ ਬਾਰੇ ਚੋਣ ਕਰਨ ਲਈ ਮਰੀਜ਼ ਜਿਹੜੀ ਜਾਣਕਾਰੀ ਲੈਣਾ ਚਾਹੁਣਗੇ ਉਹ ਉਹਨਾਂ ਨੂੰ ਮਿਲ ਸਕੇਗੀ। ਉਹਨਾਂ ਦੀ ਦੇਖਭਾਲ ਦੇ ਰਿਕਾਰਡਾਂ 'ਤੇ ਉਹਨਾਂ ਦਾ ਵੱਧ ਕੰਟ੍ਰੋਲ ਹੋਏਗਾ।

ੲ) ਮਰੀਜ਼ ਸੇਵਾ ਦੇਣ ਵਾਲੇ, ਕਨਸਲਟੈਂਟ ਦੀ ਅਗਵਾਈ ਟੀਮ, ਜੀ ਪੀ ਸਰਜਰੀ ਅਤੇ ਇਲਾਜ ਦੀ ਚੋਣ ਕਰ ਸਕਣਗੇ। ਮੈਟਰਨਿਟੀ (ਜਣੇਪਾ) ਨੈੱਟਵਰਕਾਂ ਰਾਹੀਂ ਅਸੀਂ ਮੈਟਰਨਿਟੀ ਸੇਵਾਵਾਂ ਦੀ ਚੋਣ ਕਰਨ ਦਾ ਮੌਕਾ ਵੀ ਦਿਆਂਗੇ।

ਸ) ਸਰਕਾਰ ਮਰੀਜ਼ਾਂ ਨੂੰ ਇਸ ਯੋਗ ਬਣਾਏਗੀ ਕਿ ਉਹਨਾਂ ਨੂੰ ਮਿਲੀ ਦੇਖਭਾਲ ਦੀ ਚੰਗਿਆਈ ਅਨੁਸਾਰ ਉਹ ਹਸਪਤਾਲਾਂ, ਇਲਾਜ ਕਰਨ ਵਾਲੇ ਡਿਪਾਰਟਮੈਂਟਾਂ ਦਾ ਮੁਲਾਂਕਣ ਕਰ ਸਕਣ; ਅਸੀਂ ਹਸਪਤਾਲਾਂ ਲਈ ਇਹ ਜ਼ਰੂਰੀ ਬਣਾ ਦਿਆਂਗੇ ਕਿ ਉਹ ਆਪਣੀਆਂ ਗ਼ਲਤੀਆਂ ਨੂੰ ਖੁੱਲ੍ਹੇ ਤੌਰ 'ਤੇ ਮੰਨਣ ਅਤੇ ਜੇ ਕੋਈ ਗੱਲ ਵਿਗੜ ਜਾਏ ਤਾਂ ਉਹ ਇਹਦੇ ਬਾਰੇ ਸਦਾ ਮਰੀਜ਼ਾਂ ਨੂੰ ਦੱਸਣ।

ਹ) ਇਸ ਢਾਂਚੇ ਵਿਚ ਵਿਅਕਤੀਆਂ ਦੀ ਸਿਹਤ ਦੀਆਂ ਨਿਜੀ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਇਲਾਜ ਕੀਤਾ ਜਾਏਗਾ, ਦੇਖਭਾਲ ਕਰਨ ਵਾਲਿਆਂ ਦੀ ਮਦਦ ਕੀਤੀ ਜਾਏਗੀ ਅਤੇ ਆਪਸੀ ਸਹਿਯੋਗ ਨਾਲ ਕੀਤੇ ਪ੍ਰਬੰਧਾਂ ਅਤੇ ਸਥਾਨਕ ਸਾਂਝੀਦਾਰੀਆਂ ਦਾ ਸਮਰਥਨ ਕੀਤਾ ਜਾਏਗਾ।

ਕ) ਅਸੀਂ ਲੋਕਲ ਅਥਾਰਿਟੀਆਂ (ਕਾਉਂਸਿਲਾਂ) ਦੀ ਅਗਵਾਈ ਹੇਠ, ਕੌਮੀ ਪੱਧਰ 'ਤੇ ਅਤੇ ਸ਼ਕਤੀਸ਼ਾਲੀ ਕਮਿਸ਼ਨ ਰਾਹੀਂ ਮਰੀਜ਼ਾਂ ਅਤੇ ਆਮ ਲੋਕਾਂ ਦੀ ਸਾਂਝੀ ਆਵਾਜ਼ ਨੂੰ ਵੱਧ ਸ਼ਕਤੀਸ਼ਾਲੀ ਬਣਾਵਾਂਗੇ।

ਖ) ਅਸੀਂ ਇਹ ਯਕੀਨੀ ਬਣਾਉਣ ਦਾ ਯਤਨ ਕਰਾਂਗੇ ਕਿ ਇਹਨਾਂ ਪ੍ਰਬੰਧਾਂ ਤੋਂ ਹਰ ਵਿਅਕਤੀ ਨੂੰ ਲਾਭ ਹੋਵੇ, ਭਾਵੇਂ ਉਹਦੀਆਂ ਲੋੜਾਂ ਅਤੇ ਪਿਛੋਕੜ ਕੋਈ ਵੀ ਹੋਵੇ।

## ਸਿਹਤ ਦੀ ਦੇਖਭਾਲ ਦੇ ਨਤੀਜਿਆਂ ਨੂੰ ਵੱਧ ਚੰਗੇ ਬਣਾਉਣਾ

5 ਸਿਹਤ ਦੀ ਦੇਖਭਾਲ ਦੇ ਸੰਸਾਰ ਪੱਧਰ ਦੇ ਨਤੀਜੇ ਹਾਸਿਲ ਕਰਨ ਦੇ ਆਪਣੇ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ, ਇਸ ਸੇਵਾ ਦਾ ਧਿਆਨ ਨਤੀਜਿਆਂ ਵਲ ਅਤੇ ਇਹਨਾਂ ਨੂੰ ਹਾਸਿਲ ਕਰਨ ਦੇ ਸਾਧਨਾਂ ਦੀ ਚੰਗਿਆਈ 'ਤੇ ਕੇਂਦ੍ਰਿਤ ਹੋਣਾ ਲਾਜ਼ਮੀ ਹੈ। ਸਰਕਾਰ ਦਾ ਟੀਚਾ ਮੌਤ ਅਤੇ ਬੀਮਾਰੀ ਦੀ ਦਰ ਨੂੰ ਘਟਾਉਣਾ, ਸੁਰੱਖਿਆ ਵਿਚ ਵਾਧਾ ਕਰਨਾ ਅਤੇ ਸਭ ਮਰੀਜ਼ਾਂ ਦੇ ਤਜਰਬੇ ਨੂੰ ਅਤੇ ਉਹਨਾਂ ਨੂੰ ਹਾਸਿਲ ਹੋਣ ਵਾਲੇ ਲਾਭਾਂ ਨੂੰ ਵੱਧ ਸੁਖਾਵੇਂ ਬਣਾਉਣਾ ਹੈ:

- ਗ) ਐਨ ਐਚ ਐੱਸ ਦਾ ਮੁਲਾਂਕਣ ਕਰਨ ਲਈ ਸਬੂਤਾਂ 'ਤੇ ਆਧਾਰਿਤ ਨਤੀਜਿਆਂ ਦੇ ਨਾਪਦੰਡਾਂ ਦੀ ਵਰਤੋਂ ਕੀਤੀ ਜਾਏਗੀ, ਪੂਰੇ ਕੀਤੇ ਗਏ ਕੰਮ ਦੇ ਨਿਸ਼ਾਨਿਆਂ ਦੀ ਨਹੀਂ। ਜਿਹਨਾਂ ਨਿਸ਼ਾਨਿਆਂ ਦਾ ਕੋਈ ਡਾਕਟਰੀ ਲਾਭ ਨਹੀਂ, ਅਸੀਂ ਉਹਨਾਂ ਨੂੰ ਹਟਾ ਦਿਆਂਗੇ।
- ਘ) ਬਿਨਾਂ ਲੁਕ-ਲੁਕੋਅ ਦਿੱਤੀ ਜਾਣ ਵਾਲੀ ਜਾਣਕਾਰੀ, ਸਰਗਰਮ ਜ਼ਿੰਮੇਦਾਰੀ ਅਤੇ ਚੁਣੌਤੀ ਵਾਲੇ ਵਾਤਾਵਰਣ ਵਿਚ ਇਹ ਯਕੀਨੀ ਬਣਾਇਆ ਜਾਏਗਾ ਕਿ ਮਰੀਜ਼ਾਂ ਦੀ ਜਾਣਕਾਰੀ ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਜਾਏ ਅਤੇ ਮਿਡ-ਸਟੈਫ਼ਰਡਸ਼ਾਇਰ ਹਸਤਪਾਲ ਵਰਗੀਆਂ ਕਮਜ਼ੋਰੀਆਂ ਲੁਕੀਆਂ ਨਾ ਰਹਿਣ।
- ਙ) ਨਾਈਸ (NICE) ਨੇ ਸੇਵਾਵਾਂ ਦੀ ਚੰਗਿਆਈ ਦੇ ਜਿਹੜੇ ਮਿਆਰ ਬਣਾਏ ਹਨ ਉਹਨਾਂ ਦੇ ਅਨੁਸਾਰ ਸਭ ਐਨ ਐਚ ਐੱਸ ਸੇਵਾਵਾਂ ਹਾਸਿਲ ਕੀਤੀਆਂ ਜਾਣਗੀਆਂ ਅਤੇ ਪੈਸੇ ਦੇਣ ਦੇ ਪ੍ਰਬੰਧ ਚਲਾਏ ਜਾਣਗੇ। ਚੰਗਿਆਈ ਦੇ ਮਿਆਰਾਂ ਅਨੁਸਾਰ ਇੰਸਪੈਕਸ਼ਨ ਹੋਏਗੀ।
- ਚ) ਅਸੀਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਨਵੀਆਂ ਦਵਾਈਆਂ ਦੀ ਚੰਗਿਆਈ ਅਨੁਸਾਰ ਪੈਸੇ ਦਿਆਂਗੇ, ਨਵੀਨਤਾ ਨੂੰ ਉਤਸ਼ਾਹ ਦਿਆਂਗੇ, ਅਤੇ ਇਹ ਯਕੀਨੀ ਬਣਾਵਾਂਗੇ ਕਿ ਮਰੀਜ਼ਾਂ ਨੂੰ ਅਸਰਦਾਈ ਅਤੇ ਖ਼ਰਚ ਹੋਏ ਪੈਸਿਆਂ ਦੇ ਅਨੁਸਾਰ ਵਧੀਆ ਦਵਾਈਆਂ ਮਿਲ ਸਕਣ। ਤਦ ਤਕ ਦੇ ਸਮੇਂ ਲਈ, ਅਸੀਂ ਇਕ ਨਵਾਂ ਕੈਂਸਰ ਡ੍ਰਗ ਫ਼ੰਡ ਬਣਾ ਰਹੇ ਹਾਂ ਜੋ ਅਪ੍ਰੈਲ 2011 ਤੋਂ ਕੰਮ ਕਰਨ ਲੱਗੇਗਾ; ਅਤੇ ਇਹ ਫ਼ੰਡ ਮਰੀਜ਼ਾਂ ਦੀ ਉਹ ਦਵਾਈਆਂ ਲੈਣ ਵਿਚ ਮਦਦ ਕਰੇਗਾ ਜਿਹਨਾਂ ਦੀ ਸਿਫ਼ਾਰਿਸ਼ ਉਹਨਾਂ ਦੇ ਡਾਕਟਰ ਕਰਨਗੇ।
- ਛ) ਮਰੀਜ਼ਾਂ ਲਈ ਪੈਸੇ ਪੂਰੀ ਐਨ ਐਚ ਐੱਸ ਵਿਚ ਲਾਗੂ ਹੋਣ ਵਾਲੇ ਸਪਸ਼ਟ, ਮੁਕੰਮਲ ਅਤੇ ਸਥਾਈ ਪ੍ਰਬੰਧਾਂ ਰਾਹੀਂ ਖ਼ਰਚੇ ਜਾਣਗੇ ਜਿਹਨਾਂ ਦਾ ਮੰਤਵ ਉੱਤਮ ਦਰਜੇ ਦੀ ਦੇਖਭਾਲ ਦੀਆਂ ਸੇਵਾਵਾਂ ਦੇਣਾ, ਕਾਰਜਕੁਸ਼ਲਤਾ ਨੂੰ ਵਧਾਉਣਾ ਅਤੇ ਮਰੀਜ਼ਾਂ ਦੇ ਚੋਣ ਕਰਨ ਦੇ ਹੱਕ ਦਾ ਸਮਰਥਨ ਕਰਨਾ ਹੋਏਗਾ।
- ਜ) ਸੇਵਾਵਾਂ ਦੇਣ ਵਾਲਿਆਂ ਨੂੰ ਪੈਸੇ ਉਹਨਾਂ ਦੀ ਕਾਰਗੁਜ਼ਾਰੀ ਦੇ ਅਨੁਸਾਰ ਮਿਲਣਗੇ। ਇਹ ਪੈਸੇ ਹਾਸਿਲ ਹੋਏ ਨਤੀਜਿਆਂ ਦੇ ਅਨੁਸਾਰ ਹੋਣਗੇ, ਕੀਤੇ ਹੋਏ ਕੰਮਾਂ ਦੇ ਅਨੁਸਾਰ ਨਹੀਂ, ਤਾਂਕਿ ਵਧੀਆ ਕੰਮ ਨੂੰ ਉਤਸ਼ਾਹ ਮਿਲੇ।

## ਖ਼ੁਦ-ਮੁਖ਼ਤਾਰੀ, ਜਵਾਬਦੇਹੀ ਅਤੇ ਲੋਕਤੰਤ੍ਰਿਕ ਉਚਿਤਤਾ

6 ਸਰਕਾਰ ਵਲੋਂ ਕੀਤੇ ਇਹ ਸੁਧਾਰ ਕਰਮਚਾਰੀਆਂ ਅਤੇ ਸੇਵਾਵਾਂ ਦੇਣ ਵਾਲਿਆਂ ਨੂੰ ਵੱਧ ਖ਼ੁਦ-ਮੁਖ਼ਤਾਰੀ ਦੇਣਗੇ ਅਤੇ ਇਹਦੇ ਬਦਲੇ ਵਿਚ ਹਾਸਿਲ ਕੀਤੇ ਜਾਣ ਵਾਲੇ ਨਤੀਜਿਆਂ ਲਈ ਵੱਧ ਜ਼ਿੰਮੇਦਾਰੀ ਵੀ ਉਹਨਾਂ ਨੂੰ ਸੰਭਾਲਣਗੇ, ਮਰੀਜ਼ਾਂ ਦੇ ਚੋਣ ਕਰਨ ਦੇ ਹੱਕਾਂ ਰਾਹੀਂ ਉਹ ਹਰ ਪੱਧਰ 'ਤੇ ਉਹਨਾਂ ਨੂੰ ਆਮ ਲੋਕਾਂ ਸਾਹਵੇਂ ਵੀ ਜਵਾਬਦੇਹ ਬਣਾਉਣਗੇ:

- ਝ) ਆਉਣ ਵਾਲੇ ਹੈਲਥ ਬਿਲ ਵਿਚ ਐਨ ਐਚ ਐੱਸ ਨੂੰ ਵਧੇਰੇ ਆਜ਼ਾਦੀ ਦੇ ਦਿੱਤੀ ਜਾਏਗੀ ਅਤੇ ਸਥਾਨਕ ਪੱਧਰ 'ਤੇ ਸਿਆਸੀ ਪ੍ਰਬੰਧਾਂ ਨੂੰ ਰੋਕਣ ਵਿਚ ਮਦਦ ਮਿਲੇਗੀ।
- ਞ) ਸੇਵਾਵਾਂ ਹਾਸਿਲ ਕਰਨ ਦੇ ਇਖ਼ਤਿਆਰ ਸਰਕਾਰ ਸਿਹਤ ਦੀ ਦੇਖਭਾਲ ਕਰਨ ਵਾਲੇ ਉਹਨਾਂ ਕਰਮਚਾਰੀਆਂ ਨੂੰ ਸੰਭਾਲੇਗੀ ਜਿਹੜੇ ਮਰੀਜ਼ਾਂ ਦੇ ਸਭ ਤੋਂ ਵੱਧ ਨੇੜੇ ਹੋਣਗੇ: ਯਾਨਿ ਕਿ ਸੰਸਥਾਵਾਂ ਬਣਾ ਕੇ ਕੰਮ ਕਰਨ ਵਾਲੇ ਜੀ ਪੀ ਡਾਕਟਰ ਅਤੇ ਉਹਨਾਂ ਦੀਆਂ ਪ੍ਰੈਕਟਿਸ ਟੀਮਾਂ।
- ਟ) ਸਥਾਨਕ ਪੱਧਰ 'ਤੇ ਲੋਕਤੰਤ੍ਰਿਕ ਉਚਿਤਤਾ ਨੂੰ ਮਜ਼ਬੂਤ ਬਣਾਉਣ ਲਈ ਲੋਕਲ ਅਥਾਰਿਟੀਆਂ (ਕਾਉਂਸਿਲਾਂ) ਸਥਾਨਕ ਐਨ ਐਚ ਐੱਸ ਸੇਵਾਵਾਂ, ਸਮਾਜਕ ਦੇਖਭਾਲ ਅਤੇ ਸਿਹਤ ਸੁਧਾਰ ਸੇਵਾਵਾਂ ਨੂੰ ਇਕੱਠੀਆਂ ਕਰਕੇ ਚਲਾਉਣ ਦੇ ਕੰਮ ਨੂੰ ਉਤਸ਼ਾਹ ਦੇਣਗੀਆਂ।

ਠ) ਅਸੀਂ ਸੁਤੰਤਰ ਅਤੇ ਜਵਾਬਦੇਹ ਐਨ ਐਚ ਐੱਸ ਕਮਿਸ਼ਨਿੰਗ ਬੋਰਡ ਦੀ ਸਥਾਪਨਾ ਕਰਾਂਗੇ। ਇਹ ਬੋਰਡ ਸਿਹਤ ਬਾਰੇ ਵਧੀਆ ਨਤੀਜੇ ਹਾਸਿਲ ਕਰਨ, ਐਨ ਐਚ ਐੱਸ ਦੇ ਪੈਸੇ ਦੇਣ ਅਤੇ ਉਹਨਾਂ ਦਾ ਹਿਸਾਬ ਰੱਖਣ, ਸੇਵਾਵਾਂ ਨੂੰ ਉੱਤਮ ਬਣਾਉਣ, ਮਰੀਜ਼ਾਂ ਨੂੰ ਸ਼ਾਮਿਲ ਕਰਨ ਅਤੇ ਉਹਨਾਂ ਦੇ ਚੋਣ ਕਰਨ ਦੇ ਹੱਕਾਂ ਦੀ ਰਾਖੀ ਦੇ ਕੰਮਾਂ ਦੀ ਅਗਵਾਈ ਕਰੇਗਾ। ਸਿਹਤ ਦੀ ਦੇਖਭਾਲ ਦੇ ਕੰਮ ਵਿਚ ਬਰਾਬਰੀ ਨੂੰ ਬੜ੍ਹਾਵਾ ਦੇਣਾ ਅਤੇ ਨਾ-ਬਰਾਬਰੀ ਨਾਲ ਨਿਪਟਣਾ ਇਸ ਬੋਰਡ ਦੀ ਸਪਸ਼ਟ ਜ਼ਿੰਮੇਦਾਰੀ ਹੋਏਗੀ। ਐਨ ਐਚ ਐੱਸ ਦੇ ਰੋਜ਼ਮੱਰਾ ਫ਼ੈਸਲਿਆਂ ਵਿਚ ਅਸੀਂ ਮੰਤ੍ਰੀਆਂ ਦੀ ਦਖ਼ਲਅੰਦਾਜ਼ੀ ਘਟਾਵਾਂਗੇ।

ਡ) ਸਾਡਾ ਨਿਸ਼ਾਨਾ ਫ਼ਾਊਂਡੇਸ਼ਨ ਟ੍ਰਸਟਾਂ ਦੀ ਆਜ਼ਾਦੀ ਵਿਚ ਵਾਧਾ ਕਰਕੇ ਅਤੇ ਐਨ ਐਚ ਐੱਸ ਸਟਾਫ਼ ਨੂੰ ਆਪਣੀਆਂ ਸੰਸਥਾਵਾਂ ਦੇ ਭਵਿੱਖ ਦੇ ਨਿਰਣੇ ਬਾਰੇ ਵੱਧ ਅਧਿਕਾਰ ਦੇ ਕੇ ਸੰਸਾਰ ਵਿਚ ਸਭ ਤੋਂ ਵੱਡਾ ਸਮਾਜਕ ਉੱਦਮੀ ਅਦਾਰਾ ਸਥਾਪਿਤ ਕਰਨਾ ਹੈ , ਜਿਸ ਵਿਚ ਸਮਾਜਕ ਉੱਦਮ ਦੇ ਕੰਮ ਦੀ ਅਗਵਾਈ ਉਹਦੇ ਕਰਮਚਾਰੀ ਕਰਨਗੇ। ਐਨ ਐਚ ਐੱਸ ਸਟਾਫ਼ ਦੇ ਸਭ ਕਰਮਚਾਰੀ ਫ਼ਾਊਂਡੇਸ਼ਨ ਟ੍ਰਸਟ ਦਾ ਹਿੱਸਾ ਬਣ ਜਾਣਗੇ।

ਢ) ਲੇਖੇ ਜੋਖੇ ਦੇ ਕੰਮ ਰਾਹੀਂ ਆਰਥਿਕ ਪ੍ਰਬੰਧਾਂ ਨੂੰ ਨਿਯਮਿਤ ਕੀਤਾ ਜਾਏਗਾ, ਜਿਹਦੇ ਨਾਲ ਸਿਹਤ ਦੀ ਦੇਖਭਾਲ ਦੀਆਂ ਵਧੀਆ ਅਤੇ ਅਸਰਦਾਈ ਸੇਵਾਵਾਂ ਦਿੱਤੀਆਂ ਜਾ ਸਕਣਗੀਆਂ, ਮੁਕਾਬਲੇ ਨੂੰ ਉਤਸ਼ਾਹ ਮਿਲੇਗਾ, ਕੀਮਤਾਂ ਨਿਯਮਿਤ ਹੋਣਗੀਆਂ ਅਤੇ ਸੇਵਾਵਾਂ ਦੇ ਲਗਾਤਾਰ ਮਿਲਦੇ ਰਹਿਣ ਦੀ ਸੰਭਾਵਨਾ ਦੀ ਹਿਫ਼ਾਜ਼ਤ ਹੋਏਗੀ।

ਣ) ਅਸੀਂ ਸਿਹਤ ਦੀ ਦੇਖਭਾਲ ਅਤੇ ਸਮਾਜਕ ਦੇਖਭਾਲ ਦੋਹਾਂ ਦੇ ਪੂਰੇ ਖੇਤਰ ਦੀ ਇੰਸਪੈਕਸ਼ਨ ਕਰਨ ਦੇ ਕੇਅਰ ਕੁਆਲਿਟੀ ਕਮਿਸ਼ਨ ਦੇ ਕੰਮ ਨੂੰ ਹੋਰ ਮਜ਼ਬੂਤ ਬਣਾਵਾਂਗੇ।

ਤ) ਅਸੀਂ ਪਬਲਿਕ ਹੈਲਥ ਬੱਜਟ ਨੂੰ ਸੁਰੱਖਿਅਤ ਬਣਾਵਾਂਗੇ, ਲੋਕਾਂ ਦੀ ਸਿਹਤ ਦੀ ਦੇਖਭਾਲ ਦੇ ਨਤੀਜਿਆਂ ਦੇ ਅਨੁਸਾਰ ਪੈਸੇ ਦਿੱਤੇ ਜਾਣਗੇ, ਸਿਹਤ ਵਿਚ ਨਾ ਬਰਾਬਰੀ ਨੂੰ ਦੂਰ ਕਰਨ ਦੇ ਕੰਮ ਨੂੰ ਉਤਸ਼ਾਹ ਦੇਣ ਲਈ ਵਾਧੂ ਪੈਸੇ ਦਿੱਤੇ ਜਾਣਗੇ।

## ਅਫ਼ਸਰਸ਼ਾਹੀ ਨੂੰ ਘਟਾਉਣਾ ਅਤੇ ਕਾਰਜਕੁਸ਼ਲਤਾ ਵਿਚ ਵਾਧਾ ਕਰਨਾ

7 ਐਨ ਐਚ ਐੱਸ ਦੀ ਕਾਰਜਕੁਸ਼ਲਤਾ ਵਿਚ ਉਹ ਵਾਧੇ ਕਰਨ ਦੀ ਲੋੜ ਹੈ ਜਿਹੜੇ ਪਹਿਲਾਂ ਕਦੇ ਨਹੀਂ ਹੋਏ, ਇਸ ਤਰ੍ਹਾਂ ਬਚਾਏ ਗਏ ਪੈਸੇ ਮਰੀਜ਼ਾਂ ਨੂੰ ਮਿਲਣ ਵਾਲੀਆਂ ਸੇਵਾਵਾਂ 'ਤੇ ਖ਼ਰਚ ਕਰਨ ਦੀ ਲੋੜ ਹੈ, ਜਿਹਦੇ ਨਾਲ ਹੁਣ ਵਾਲੀਆਂ ਮਾਲੀ ਚੁਣੌਤੀਆਂ ਅਤੇ ਭਵਿੱਖ ਵਿਚ ਆਬਾਦੀ ਅਤੇ ਟੈਕਨੋਲੋਜੀ ਵਿਚ ਹੋਣ ਵਾਲੀਆਂ ਤਬਦੀਲੀਆਂ ਦਾ ਸਾਹਮਣਾ ਕੀਤਾ ਜਾ ਸਕੇ:

ਥ) ਕਾਰਜਕੁਸ਼ਲਤਾ ਵਿਚ ਵਾਧਾ ਹੋਣ ਨਾਲ, ਸਾਲ 2014 ਤਕ, ਐਨ ਐਚ ਐੱਸ 20 ਬਿਲੀਅਨ ਪੌਂਡ ਤਕ ਬਚਾ ਸਕੇਗੀ, ਜਿਹੜੇ ਪੈਸੇ ਸੇਵਾਵਾਂ ਅਤੇ ਨਤੀਜਿਆਂ ਨੂੰ ਵੱਧ ਉੱਤਮ ਬਣਾਉਣ ਲਈ ਮੁੜ ਖ਼ਰਚੇ ਜਾਣਗੇ।

ਦ) ਅਗਲੇ ਚਾਰ ਸਾਲਾਂ ਵਿਚ ਸਰਕਾਰ ਐਨ ਐਚ ਐੱਸ ਦੇ ਪ੍ਰਬੰਧ ਦੇ ਖ਼ਰਚਾਂ ਨੂੰ 45% ਤੋਂ ਜ਼ਿਆਦਾ ਘਟਾਏਗੀ, ਅਤੇ ਮਰੀਜ਼ਾਂ ਨੂੰ ਸਿਹਤ ਸੇਵਾਵਾਂ ਦੇਣ ਲਈ ਇਹ ਪੈਸੇ ਵਰਤੇਗੀ।

ਧ) ਅਸੀਂ ਐਨ ਐਚ ਐੱਸ ਪ੍ਰਬੰਧਕੀ ਸੰਸਥਾਵਾਂ ਦੀ ਗਿਣਤੀ ਨੂੰ ਬਹੁਤ ਘਟਾਵਾਂਗੇ ਅਤੇ ਡਿਪਾਰਟਮੈਂਟ ਆੱਫ਼ ਹੈਲਥ ਦੇ ਐਨ ਐਚ ਐੱਸ ਸੰਬੰਧੀ ਕੰਮਾਂ ਨੂੰ ਘੱਟ ਕਰਾਂਗੇ। ਜਿਹੜੀਆਂ ਕੁਆਂਗੋ (ਅੱਧ-ਸਰਕਾਰੀ ਸੰਸਥਾਵਾਂ) ਦੀ ਲੋੜ ਨਹੀਂ, ਉਹਨਾਂ ਨੂੰ ਖ਼ਤਮ ਕਰਾਂਗੇ ਅਤੇ ਜਿਹੜੀਆਂ ਕੁਆਂਗੋ ਰਹਿਣਗੀਆਂ ਉਹਨਾਂ ਦੇ ਕੰਮਾਂ ਵਿਚ ਵੱਧ ਤਾਲਮੇਲ ਕਰਾਂਗੇ।

## ਸਾਰ: ਕੰਮ ਕਰਕੇ ਦਿਖਾਉਣਾ

8 ਅਸੀਂ ਆਪਣੇ ਇਸ ਨਿਸ਼ਾਨੇ ਨੂੰ ਕਾਇਮ ਰੱਖਾਂਗੇ। ਇਹ ਵ੍ਹਾਈਟ ਪੇਪਰ[1] ਇਸ ਪਾਰਲੀਮੈਂਟ ਦੇ ਜੀਵਨ ਕਾਲ ਲਈ ਅਤੇ ਇਹਤੋਂ ਬਾਅਦ ਲਈ ਵੀ ਐਨ ਐਚ ਐੱਸ ਲਈ ਲੰਮੇ ਸਮੇਂ ਦੀ ਯੋਜਨਾ ਹੈ। ਅਸੀਂ ਐਨ ਐਚ ਐੱਸ ਨੂੰ ਸੇਵਾਵਾਂ ਵਿਚ ਸੁਧਾਰ ਕਰਕੇ ਉਹਨਾਂ ਨੂੰ ਉੱਤਮ ਬਣਾਉਣ ਲਈ ਇਕ ਸੰਗਠਿਤ, ਸਥਾਈ ਅਤੇ ਚਲਦਾ ਰਹਿਣ ਵਾਲਾ ਢਾਂਚਾ ਦੇਵਾਂਗੇ। ਸਿਹਤ ਬਾਰੇ ਬਹਿਸ ਹੁਣ ਢਾਂਚਿਆਂ ਅਤੇ ਕੰਮ ਕਰਨ ਦੇ ਢੰਗਾਂ ਬਾਰੇ ਨਹੀਂ, ਪਹਿਲ ਦੇਣ ਵਾਲੇ ਕੰਮਾਂ ਬਾਰੇ ਅਤੇ ਸਭਨਾਂ ਦੀ ਸਿਹਤ ਵਿਚ ਸੁਧਾਰ ਬਾਰੇ ਹੋਏਗੀ।

9 ਇਹ ਸੁਧਾਰ ਕਾਫ਼ੀ ਵੱਡੇ ਅਤੇ ਚੁਣੌਤੀਆਂ-ਭਰੇ ਹੋਣਗੇ, ਜਿਹਨਾਂ ਰਾਹੀਂ ਐਨ ਐਚ ਐੱਸ ਦੇ ਕੰਮ ਕਾਜ ਦੇ ਵਾਤਾਵਰਣ ਵਿਚ ਵੀ ਤਬਦੀਲੀਆਂ ਹੋਣਗੀਆਂ। ਅਸੀਂ ਇਹ ਤਬਦੀਲੀ ਲਿਆਉਣ ਦੇ ਢੰਗਾਂ ਬਾਰੇ ਯੋਜਨਾਵਾਂ ਪੇਸ਼ ਕਰ ਰਹੇ ਹਾਂ, ਜਿਹਨਾਂ ਵਿਚ ਸਟ੍ਰੈਟੀਜਿਕ ਹੈਲਥ ਅਥਾਰਿਟੀਆਂ ਅਤੇ ਪ੍ਰਾਇਮਰੀ ਕੇਅਰ ਟ੍ਰਸਟਾਂ ਦੇ ਇਸ ਸਮੇਂ ਦੌਰਾਨ ਕੰਮ ਵੀ ਸ਼ਾਮਿਲ ਹੋਣਗੇ। ਇਹ ਯੋਜਨਾਵਾਂ ਲਾਗੂ ਕਰਨ ਦਾ ਕੰਮ ਹੇਠਲੀ ਪੱਧਰ ਤੋਂ ਸ਼ੁਰੂ ਹੋ ਕੇ ਉਪਰਲੀ ਪੱਧਰ ਵਲ ਨੂੰ ਜਾਏਗਾ।

10 ਵ੍ਹਾਈਟ ਪੇਪਰ ਵਿਚ ਕੀਤੇ ਬਹੁਤ ਸਾਰੇ ਵਾਅਦਿਆਂ ਲਈ, ਜਿਹਨਾਂ ਦਾ ਇਹ ਖ਼ੁਲਾਸਾ ਹੈ, ਕਾਨੂੰਨ ਬਣਾਉਣ ਦੀ ਲੋੜ ਪਏਗੀ ਅਤੇ ਪਾਰਲੀਮੈਂਟ ਦੀ ਪ੍ਰਵਾਨਗੀ ਵੀ ਲੈਣੀ ਪਏਗੀ।

## ਵ੍ਹਾਈਟ ਪੇਪਰ ਬਾਰੇ ਵਿਚਾਰ ਪੇਸ਼ ਕਰਨਾ

ਇਹਨਾਂ ਤਬਦੀਲੀਆਂ ਨੂੰ ਲਾਗੂ ਕਰਨ ਦੇ ਸਭ ਤੋਂ ਚੰਗੇ ਢੰਗਾਂ ਬਾਰੇ ਅਸੀਂ ਸਲਾਹ ਮਸ਼ਵਰਾ ਕਰ ਰਹੇ ਹਾਂ ਅਤੇ ਅਸੀਂ ਤੁਹਾਡਾ ਧਿਆਨ ਪੂਰੇ ਵ੍ਹਾਈਟ ਪੇਪਰ ਅਤੇ ਇਹਦੇ ਨਾਲ ਸੰਬੰਧਤ ਸਲਾਹ ਮਸ਼ਵਰਾ ਲੈਣ ਵਾਲੇ ਹੋਰ ਦਸਤਾਵੇਜ਼ਾਂ ਵਲ ਦੁਆਉਂਦੇ ਹਾਂ ਜੋ ਡਿਪਾਰਟਮੈਂਟ ਆੱਫ਼ ਹੈਲਥ ਦੀ ਇਸ ਵੈੱਬਸਾਈਟ ’ਤੇ ਪੜ੍ਹੇ ਜਾ ਸਕਦੇ ਹਨ www.dh.gov.uk/liberatingthenhs. ਮੁੱਢਲਾ ਕਾਨੂੰਨ ਬਣਾਉਣ ਬਾਰੇ ਸੁਝਾਓ ਲਾਗੂ ਕਰਨ ਬਾਰੇ ਪੇਸ਼ ਕੀਤੇ ਗਏ ਵਿਚਾਰਾਂ ਦਾ ਡਿਪਾਰਟਮੈਂਟ ਖ਼ਾਸ ਤੌਰ ’ਤੇ ਸਵਾਗਤ ਕਰੇਗਾ, ਅਤੇ ਵ੍ਹਾਈਟ ਪੇਪਰ ਅਤੇ ਸੰਬੰਧਤ ਦਸਤਾਵੇਜ਼ਾਂ ਵਾਲੇ ਸੁਝਾਵਾਂ ਬਾਰੇ ਪੇਸ਼ ਕੀਤੇ ਗਏ ਵਿਚਾਰਾਂ ਨੂੰ ਉਹ ਬਿਲ ਪੇਸ਼ ਕਰਨ ਤੋਂ ਪਹਿਲਾਂ ਪ੍ਰਕਾਸ਼ਿਤ ਕਰੇਗਾ। ਵਿਚਾਰ ਇਸ ਈਮੇਲ ਪਤੇ ’ਤੇ ਭੇਜਣੇ ਚਾਹੀਦੇ ਹਨ:
nhswhitepaper@dh.gsi.gov.uk ਜਾਂ ਇਸ ਡਾਕ ਪਤੇ ’ਤੇ White Paper Team, Room 601, Department of Health, 79 Whitehall, London SW1A 2NS.